**ਵੋਟ ਪਾਉਣ ਲਈ ਰਜਿਸਟਰ ਕਿਸ ਤਰਾਂ ਹੋਣਾ ਹੈ ।**

ਬਰਤਾਨੀਆਂ ਵਿਚ ਰਹਿੰਦੇ ਹਰ ਬਰਤਾਨਵੀ, ਕਾਮਨਵੈਲਥ ਅਤੇ ਆਇਰਲੈਂਡ ਰਿਪਬਲਿਕ ਦੇ ਨਾਗਰਿਕ ਨੂੰ ਇਸ ਮੁਲਕ ਦੇ ਚੁਨਾਵ ਵਿਚ ਵੋਟ ਪਾਉਣ ਦਾ ਅਧਿਕਾਰ ਹੈ । ਬਾਕੀ ਸਾਰੇ ਯੂਰਪੀਅਨ ਯੂਨੀਅਨ ਦੇ ਨਾਗਰਿਕਾਂ ਨੂੰ ਯੂਰਪੀ ਪਾਰਲੀਆਮੈਂਟ ਦੀਆਂ ਚੋਣਾਂ ਅਤੇ ਸਥਾਨਿਕ ਚੁਨਾਵਾਂ ਵਿਚ ਵੋਟ ਪਾਉਣ ਦਾ ਅਧਿਕਾਰ ਹੈ । ਅਧਿਕਾਰਿਤ ਮੁਲਕਾਂ ਦੀ ਸੂਚੀ ਦੇਖਣ ਲਈ ਹੇਠਾਂ ਕਲਿਕ ਕਰੋ ।

ਅਧਿਕਾਰਿਤ ਮੁਲਕ

ਤੁਸੀਂ ਕੇਵਲ ਉਸ ਵੇਲੇ ਵੋਟ ਪਾ ਸਕਦੇ ਹੋ ਜਦੋਂ ਤੁਹਾਡਾ ਨਾਮ ਚੋਣ ਰਜਿਸਟਰ ਤੇ ਹੋਵੇ (ਜਿਸ ਨੂੰ ਵੋਟਰਾਂ ਦੀ ਲਿਸਟ ਕਹਿੰਦੇ ਹਨ) ਹਰੇਕ ਪਤਝੜ ਦੀ ਰੁਤੇ ਇਹ ਫਾਰਮ ਤੁਹਾਡੇ ਘਰ ਪਹੁਚਾਇਆਂ ਜਾਦਾਂ ਹੈ, ਜਿਸ ਨੂੰ ਭਰ ਕੇ ਤੁਹਾਨੂੰ ਵਾਪਿਸ ਭੇਜਣਾਂ ਹੁੰਦਾ ਹੈ । ਦਸੰਬਰ ਦੀ ਪਹਿਲੀ ਤਰੀਕ ਨੂੰ ਅਸੀਂ ਨਵਾਂ ਰਜਿਸਟਰ ਤਿਆਰ ਕਰਦੇ ਹਾਂ । ਅਸੀਂ ਇਸ ਰਜਿਸਟਰ ਵਿਚ ਸਾਰਾ ਸਾਲ ਨਵੇਂ ਨਾਵਾਂ ਨੂੰ ਲਿਖ, ਮਿਟਾ ਅਤੇ ਬਦਲ ਸਕਦੇ ਹਾਂ ਅਤੇ ਅਗੱਸਤ ਅਤੇ ਦਸੰਬਰ ਦੇ ਮਹੀਨੇ ਵਿਚ ਮੁੜ ਤਿਆਰ ਕਰਦੇ ਹਾਂ ।

ਜੇਕਰ ਤੁਸੀਂ ਆਪਣਾ ਸਰਨਾਵਾਂ ਬਦਲਦੇ ਹੋ ਤਾਂ ਤੁਹਾਨੂੰ ਰਜਿਸਟਰੇਸ਼ਨ ਫਾਰਮ ਮੁੜਕੇ ਭਰਨਾ ਹੁੰਦਾ ਹੈ । ਇਕ ਫਾਰਮ ਵਿਚ ਕੇਵਲ ਇਕ ਵਿਅਕਤੀ ਹੀ ਦਰਖਾਸਤ ਦੇ ਸਕਦਾ ਹੈ ਅਤੇ ਇਸ ਉਤੇ ਦਸਤਖਤ ਕਰਨੇ ਹੁੰਦੇ ਹਨ, ਕੋਈ ਹੋਰ ਤੁਹਾਡੇ ਲਈ ਦਸਤਖਤ ਨਹੀਂ ਕਰ ਸਕਦਾ ।

ਕਾਂਉਸਿਲ ਟੈਕਸ ਦੇਣ ਵਾਲਿਆਂ ਦੀ ਲਿਸਟ ਉਤੇ ਹੋਣ ਨਾਲ ਤੁਸੀਂ ਚੁਨਾਵ ਵਿਚ ਵੋਟ ਪਾਉਣ ਦੇ ਅਧਿਕਾਰੀ ਨਹੀ ਹੋ ਜਾਂਦੇ ।

ਫਾਰਮ ਨੂੰ ਡਾਊਨਲੋਡ ਕਰਨ ਲਈ ਹੇਠਲੇ ਲਿੰਕ ਉਤੇ ਕਲਿਕ ਕਰੋ

ਰਜਿਸਟਰੇਸ਼ਨ ਫਾਰਮ

ਜੇਕਰ ਤੁਹਾਨੂੰ ਇਲੈਕਟੋਰਲ ਰਜਿਸਟਰੇਸ਼ਨ ਸਰਵਿਸ 0208 871 6023 ਨਾਲ ਅੰਗਰੇਜੀ ਵਿਚ ਗੱਲਬਾਤ ਕਰਨ ਲਈ ਸਹਾਇਤਾ ਦੀ ਲੋੜ ਹੋਵੇ ਤਾਂ ਵਾਡਜ਼ਵਰਥ ਇੰਟਰਪ੍ਰੇਟਿੰਗ ਸਰਵਿਸ ਨਾਲ 0208 8672 1043 ਨੰਬਰ ਉਤੇ ਫੋਨ ਕਰੋ ।

"How to Vote"  Punjabi
September 2007
Translation by Wandsworth Interpreting Service